# ਬੱਚਿਆਂ ਲਈ ਬਾਈਬਲ

## ਉੱਪਸਥਿਤ

# ਯਿਸੂ ਨੇਂ ਬਾਰਾਂ ਸਹਾਇਕਾਂ ਨੂੰ ਚੁਣਿਆ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : E. Frischbutter; Sarah S.



ਕਹਾਣੀ 39 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਯਿਸੂ ਨੇਂ ਅਦਭੁਤ ਕੰਮ ਕੀਤੇ। ਉਸਨੇ ਬਿਮਾਰਾਂ ਨੂੰ ਚੰਗਾ ਕੀਤਾ, ਪਰੇਸ਼ਾਨ ਲੋਕਾਂ ਦੇ ਮਨਾਂ ਅਤੇ ਦਿਲਾਂ ਵਿੱਚ ਸ਼ਾਂਤੀ ਦਿੱਤੀ, ਅਤੇ ਪਰਮੇਸ਼ਵਰ ਦਾ ਵਚਨ ਸਿਖਾਇਆ।



1

ਭੀੜ ਯਿਸੂ ਕੋਲ ਚੰਗਾਈ ਅਤੇ ਮਦਦ ਲਈ ਆਉਂਦੀ ਸੀਂ।



2


ਉਸਨੇਂ ਆਪਣੇ ਪਿੱਛੇ ਪਿੱਛੇ ਆਉਣ ਵਾਲਿਆਂ ਵਿੱਚੋਂ ਬਾਰਾਂ ਮਨੁੱਖ ਚੁਨਣ ਦੀ ਸੋਚੀ, ਕੀ ਉਸਦੇ ਪਰਮੇਸ਼ਵਰ ਦੇ ਕੰਮ ਵਿੱਚ ਉਸਦੀ ਮਦਦ ਕਰਨ।
3
ਜੇਕਰ ਤੁਸੀ ਮੁੱਖ ਚੋਂਣ ਕਰਨੀ ਹੋਵੇ, ਤਾਂ ਕੀ ਤੁਸੀ ਪਰਮੇਸ਼ਵਰ ਦੇ ਸਾਹਮਣੇ ਪ੍ਰਾਥਨਾ ਕਰਦੇ ਹੋ? ਯਿਸੂ ਨੇਂ ਕੀਤਾ! ਇੱਕ ਪਹਾੜ ਦੀ ਛਾਂਤ ਜਗ੍ਹਾ ਤੇ ਉਸਨੇਂ ਆਪਣੇ ਸਵਰਗੀ ਪਿਤਾ ਨਾਲ ਗੱਲ ਕੀਤੀ। ਯਿਸੂ ਸੂਰਜ ਦੇ ਡੁੱਬਣ ਤੱਕ ਪ੍ਰਾਥਨਾ ਕਰਦਾ ਰਿਹਾ।
4
ਯਿਸੂ ਸਾਰੀ ਹਨੇਰੀ ਰਾਤ ਪ੍ਰਾਥਨਾ ਕਰਦਾ ਰਿਹਾ।
5
ਸਵੇਰ ਵੇਲੇ ਯਿਸੂ ਨੇਂ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਅਤੇ ਆਪਣੇ ਸਾਰੇ ਦੋਸਤਾਂ ਨੂੰ ਸੱਦਿਆ ਜਿਹੜੇ ਉਸਦੀ ਸੇਵਾ ਅਤੇ ਆਗਿਆ ਦਾ ਪਾਲਣ ਕਰਦੇ ਸੀਂ।
6
ਉਸਨੇ ਉਹਨਾਂ ਵਿਚੋਂ ਬਾਰਾਂ ਵਿਸ਼ੇਸ਼ ਸਹਾਇਕਾਂ ਨੂੰ, ਜਾਂ ਸੁਧਾਰਕਾਂ ਨੂੰ ਚੁਣਿਆ।
7
ਯਿਸੂ ਨੇਂ ਜਿਹਨਾਂ ਨੂੰ ਪਹਿਲਾਂ ਚੁਣਿਆ ਉਹ ਸ਼ਮਊਨ ਪਤਰਸ ਅਤੇ ਅੰਦ੍ਰਿਯਾਸ ਦੋਵੇਂ ਭਰਾ ਸਨ। ਜਦ ਯਿਸੂ ਨੇਂ ਪਹਿਲਾਂ ਉਹਨਾਂ ਨੂੰ ਆਪਣੇ ਪਿੱਛੇ ਹੋਣ ਲਈ ਬੁਲਾਇਆ ਤਾਂ ਉਹ ਆਪਣਾ ਮੱਛੀਆਂ ਦਾ ਵਪਾਰ ਛੱਡ ਆਏ।
8


ਜ਼ਬਦੀ ਦੇ ਪੁੱਤਰ ਯਾਕੂਬ ਅਤੇ
ਯੂਹੰਨਾ ਨੇਂ ਵੀ ਆਪਣੇ ਮੱਛੀਆਂ
ਵਾਲੇ ਜਾਲ ਛੱਡ ਦਿੱਤੇ।
9


ਯਿਸੂ ਨੇਂ ਫਿਲਿਪੁੱਸ, ਬਰਥੁਲਮਈ, ਮੱਤੀ, ਥੋਮਾ, ਸ਼ਮਊਨ ਜਿਹੜਾ ਜ਼ੇਲੋਤੇਸ
ਕਹਾਉਂਦਾ ਹੈ, ਹਲਫਈ ਦਾ ਪੁੱਤਰ ਯਾਕੂਬ, ਯਾਕੂਬ ਦਾ ਪੁੱਤਰ ਯਹੂਦਾ ਨੂੰ
ਵੀ ਚੁਣਿਆ, ਅਤੇ ਯਹੂਦਾ ਇਸਕਰਿਯੋਤੀ
ਜਿਸਨੇਂ ਬਾਅਦ ਵਿੱਚ ਯਿਸੂ ਨੂੰ
ਫੜਵਾਇਆ ਸੀਂ।
10


ਯਿਸੂ ਨੇ ਉਹਨਾਂ ਨੂੰ ਕਿਹਾ
ਜੋ ਮੈਂ ਕਹਿੰਦਾ ਹਾਂ ਕਰਨ
ਦਾ ਮਤਲਬ ਹੈ ਕੀ ਘਰ ਨੂੰ
ਮਜਬੂਤ ਚਟਾਨ ਤੇ ਬਣਾਉਣਾ।
ਭਿਅੰਕਰ ਤੂਫਾਨ ਉਸ ਘਰ ਨੂੰ
ਨਾਸ਼ ਨਾਂ ਕਰ ਸਕਣਗੇ।
11


ਪਰ ਯਿਸੂ ਦੀ ਆਗਿਆ ਨਾਂ ਮੰਨਣ ਤੇ, ਵਚਨ ਇੱਕ ਰੇਤ ਤੇ ਬਣਾਏ ਹੋਏ
ਘਰ ਦੇ ਵਾਂਗਰ ਹੈ। ਜ਼ਦ ਤੂਫਾਨ ਆਵੇਗਾ, ਤਾਂ ਘਰ ਡਿੱਗ ਜਾਵੇਗਾ।
12


ਯਿਸੂ ਦੀਆਂ ਕੁਝ ਆਗਿਆਵਾਂ ਆਸਾਨ ਨਹੀਂ
ਸਨ। ਉਸਨੇਂ ਸਿਖਾਇਆ, “ਜੇਕਰ ਮਨੁੱਖ
ਤੁਹਾਡੇ ਇੱਕ ਗੱਲ ਤੇ ਥੱਪੜ ਮਾਰੇ, ਤਾਂ ਦੂਸਰੀ
ਵੀ ਉਸ ਵੱਲ ਫੇਰ ਦੇ।” “ਆਪਣੇ ਦੁਸ਼ਮਣਾਂ
ਨਾਲ ਪਿਆਰ ਕਰੋ।” ਯਿਸੂ ਵਰਗਾ ਜੀਵਨ
ਬਿਤਾਉਣ ਲਈ ਲੋਕਾਂ ਨੂੰ ਪਰਮੇਸ਼ਵਰ
ਦੀ ਸਹਾਇਤਾ
ਦੀ ਲੋੜ ਹੈ।
13


ਯਿਸੂ ਨੇਂ ਲੋਕਾਂ ਨੂੰ ਏਕਾਂਤ
ਵਿੱਚ ਪ੍ਰਾਥਨਾ ਕਰਨ ਲਈ ਵੀ
ਆਖਿਆ, ਪਰ ਲੋਕਾਂ ਦੇ ਸਾਹਮਣੇ
ਵਿਖਾਵੇ ਲਈ ਨਹੀਂ ਜਿਵੇਂ ਕੁਝ
ਧਾਰਮਿਕ ਪ੍ਰਧਾਨਾਂ ਨੇਂ ਕੀਤਾ।
14













ਯਿਸੂ ਨੇਂ ਬਾਰਾਂ ਸਹਾਇਕਾਂ ਨੂੰ ਚੁਣਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 4-7, ਮਰਕੁਸ ਦੀ ਇੰਜੀਲ 1,
ਲੂਕਾ ਦੀ ਇੰਜੀਲ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ, ਆਮੀਨ। ਯਹੂੰਨਾ ਦੀ ਇੰਜੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।